# Kerendia ਲਈ ਤੁਹਾਡੀ ਗਾਈਡ®
# (ਫਾਈਨਰੇਨੋਨ)

Pr Kerendia®
(finerenone)
10 mg · 20 mg Tablets

## ਗੁਰਦੇ ਦੀ ਪੁਰਾਣੀ ਬਿਮਾਰੀ (CKD) ਅਤੇ ਟਾਈਪ 2 ਸ਼ੂਗਰ ਰੋਗ (T2D) ਨੂੰ ਸਮਝਣਾ

ਤੁਹਾਡੇ ਗੁਰਦੇ ਮੂਤਰ ਬਣਾਉਣ ਲਈ ਤੁਹਾਡੇ ਖੂਨ ਵਿੱਚੋਂ ਗੰਦਗੀ ਅਤੇ ਵਾਧੂ ਪਾਣੀ ਨੂੰ ਕੱਢ ਕੇ ਫਿਲਟਰ ਕਰਦੇ ਹਨ। CKD ਇੱਕ ਅਜਿਹੀ ਸਥਿਤੀ ਹੁੰਦੀ ਹੈ ਜਿੱਥੇ ਗੁਰਦੇ ਸਮੇਂ ਦੇ ਨਾਲ ਨਾਲ ਚੰਗੀ ਤਰ੍ਹਾਂ ਕੰਮ ਕਰਨ ਦੀ ਆਪਣੀ ਯੋਗਤਾ ਨੂੰ ਗੁਆ ਦਿੰਦੇ ਹਨ।

CKD ਟਾਈਪ 2 ਸ਼ੂਗਰ ਰੋਗ ਦੀ ਇੱਕ ਆਮ ਪੇਚੀਦਾ ਸਮੱਸਿਆ ਹੈ।

ਸਮੇਂ ਦੇ ਨਾਲ ਨਾਲ, CKD ਅਤੇ T2D ਗੁਰਦੇ ਨੂੰ ਵਧੇਰੇ ਖਰਾਬ ਕਰ ਸਕਦੀ ਹੈ, ਜਿਸ ਕਾਰਣ ਗੁਰਦੇ ਦੇ ਫੰਕਸ਼ਨ ਵਿੱਚ ਕਮੀ ਆਉਂਦੀ ਹੈ ਅਤੇ ਕੁੱਝ ਮਾਮਲਿਆਂ ਵਿੱਚ, ਗੁਰਦਾ ਕੰਮ ਕਰਨਾ ਬੰਦ ਕਰ ਦਿੰਦਾ ਹੈ।

CKD ਅਤੇ T2D ਨਾਲ ਕਾਰਡੀਓਵੈਸਕੂਲਰ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ ਜਿਵੇਂ ਕਿ ਦਿਲ ਦਾ ਦੌਰਾ (ਹਰਟ ਅਟੈਕ), ਦਿਲ ਫੇਲ੍ਹ ਹੋਣਾ, ਦਿਲ ਜਾਂ ਖੂਨ ਦੀ ਧਮਣੀ ਦੀ ਬਿਮਾਰੀ।

**CKD ਅਤੇ T2D ਨੂੰ ਸਮਝਣਾ ਤੁਹਾਡੀ ਹਾਲਤ ਨੂੰ ਚੰਗੀ ਤਰ੍ਹਾਂ ਪ੍ਰਬੰਧਿਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।**

## Kerendia® ਬਾਰੇ

### ਮੈਨੂੰ **Kerendia®** ਦਾ ਸੁਝਾਅ ਕਿਉਂ ਦਿੱਤਾ ਗਿਆ ਹੈ?

CKD ਅਤੇ T2D ਵਾਲੇ ਬਾਲਗਾਂ ਦਾ ਇਲਾਜ ਕਰਨ ਲਈ ਹੋਰ ਦਵਾਈਆਂ ਦੇ ਨਾਲ ਨਾਲ Kerendia® ਦੀ ਇਨ੍ਹਾਂ ਲਈ ਵਰਤੋਂ ਕੀਤੀ ਜਾਂਦੀ ਹੈ:

ਗੁਰਦੇ ਦੇ ਖਰਾਬ ਹੋਣ ਦੀ ਗਤੀ ਨੂੰ ਧੀਮਾਂ ਕਰਨਾ

ਦਿਲ ਜਾਂ ਖੂਨ ਦੀ ਧਮਣੀ ਰੋਗ ਕਾਰਣ ਮੌਤ, ਦਿਲ ਦਾ ਦੌਰਾ ਪੈਣ ਅਤੇ ਦਿਲ ਫੇਲ੍ਹ ਹੋਣ ਕਾਰਣ ਹਸਪਤਾਲ ਵਿੱਚ ਭਰਤੀ ਹੋਣ ਦੇ ਖ਼ਤਰੇ ਨੂੰ ਘਟਾਉਣਾ

### ਮੈਂ **Kerendia®** ਕਿਵੇਂ ਲਵਾਂ?

Kerendia® ਨੂੰ ਆਪਣੇ ਡਾਕਟਰ ਦੀ ਸਲਾਹ ਅਨੁਸਾਰ ਅਤੇ ਹਰ ਰੋਜ਼ ਇੱਕੋ ਸਮੇਂ 'ਤੇ ਲੈਣਾ ਮਹੱਤਵਪੂਰਣ ਹੁੰਦਾ ਹੈ।

- Kerendia® ਇੱਕ ਮੂੰਹ ਰਾਹੀਂ ਲੈਣ ਵਾਲੀ ਦਵਾਈ ਹੈ, ਜਿਸ ਨੂੰ ਰੋਜ਼ ਇੱਕ ਵਾਰ ਲਿਆ ਜਾਂਦਾ ਹੈ। ਤੁਹਾਨੂੰ ਗੋਲੀ ਨੂੰ ਸਾਬਤ ਨਿਗਲਣਾ ਚਾਹੀਦਾ ਹੈ।
- Kerendia® ਨੂੰ ਪਾਣੀ ਦੇ ਗਲਾਸ ਨਾਲ ਭੋਜਨ ਨਾਲ ਜਾਂ ਭੋਜਨ ਤੋਂ ਬਿਨਾਂ ਲਿਆ ਜਾ ਸਕਦਾ ਹੈ।
- ਜੇਕਰ ਤੁਸੀਂ ਸਾਬਤ ਗੋਲੀ ਨਹੀਂ ਨਿਗਲ ਸਕਦੇ ਹੋ, ਤਾਂ ਤੁਸੀਂ ਇਸ ਨੂੰ ਤੋੜ ਸਕਦੇ ਹੋ ਅਤੇ ਪਾਣੀ ਜਾਂ ਐਪਲਸੌਸ ਵਰਗੇ ਨਰਮ ਭੋਜਨਾਂ ਨਾਲ ਮਿਲਾ ਸਕਦੇ ਹੋ, ਫਿਰ ਇਸ ਨੂੰ ਉਸ ਵੇਲੇ ਖਾ ਸਕਦੇ ਹੋ।
- Kerendia® ਦਾ ਸੇਵਨ ਕਰਨ ਸਮੇਂ ਚਕੋਤਰਾ ਨਾ ਖਾਓ ਨਾ ਹੀ ਚਕੋਤਰੇ ਦਾ ਜੂਸ ਪੀਓ।

ਇਲਾਜ ਦੇ **4** ਹਫ਼ਤਿਆਂ ਬਾਅਦ, ਤੁਹਾਡਾ ਹੈਲਥਕੇਅਰ ਪੇਸ਼ੇਵਰ ਇਹ ਦੇਖਣ ਲਈ ਟੈਸਟ ਕਰੇਗਾ ਕਿ ਤੁਹਾਡਾ ਸਰੀਰ **Kerendia®** ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦਾ ਹੈ ਅਤੇ ਇਸ ਨੂੰ ਕਿਵੇਂ ਸਹਿਣ ਕਰਦਾ ਹੈ। ਨਤੀਜਿਆਂ ਦੇ ਆਧਾਰ 'ਤੇ, **Kerendia®** ਦੀ ਤੁਹਾਡੀ ਖੁਰਾਕ ਵਧਾਈ, ਘਟਾਈ ਜਾ ਸਕਦੀ ਹੈ, ਜਾਂ ਪਹਿਲਾਂ ਜਿੰਨੀ ਰਹਿ ਸਕਦੀ ਹੈ।

### ਕੀ ਹੁੰਦਾ ਹੈ ਜੇਕਰ ਮੈਂ **Kerendia®** ਦੀ ਖੁਰਾਕ ਲੈਣੀ ਭੁੱਲ ਜਾਂਦਾ/ਜਾਂਦੀ ਹਾਂ?

ਖੁੰਝੀ ਹੋਈ ਖੁਰਾਕ ਨੂੰ ਪੂਰਾ ਕਰਨ ਲਈ ਇੱਕੋ ਦਿਨ 'ਤੇ ਦੋ ਗੋਲੀਆਂ ਦਾ ਸੇਵਨ ਨਾ ਕਰੋ। ਜੇਕਰ ਤੁਸੀਂ ਆਪਣੀ ਖੁਰਾਕ ਲੈਣੀ ਭੁੱਲ ਜਾਂਦੇ ਹੋ ਅਤੇ ਹਾਲੇ ਉਹੀ ਦਿਨ ਹੈ, ਤਾਂ ਜਿਵੇਂ ਹੀ ਤੁਹਾਨੂੰ ਯਾਦ ਆਏ ਗੋਲੀ ਲਓ। ਜੇ ਇਹ ਅਗਲਾ ਦਿਨ ਹੈ, ਤਾਂ ਖੁੰਝ ਗਈ ਖੁਰਾਕ ਨੂੰ ਛੱਡ ਦਿਓ ਅਤੇ ਨਿਯਮਿਤ ਕਾਰਜਕ੍ਰਮ ਅਨੁਸਾਰ ਅਗਲੀ ਖੁਰਾਕ ਲਓ।

ਗੁਰਦੇ ਦੀ ਪੁਰਾਣੀ ਬਿਮਾਰੀ ਬਾਰੇ ਹੋਰ ਜਾਣਕਾਰੀ ਲਈ, ਕੈਨੇਡਾ ਦੀ ਕਿਡਨੀ ਫਾਊਂਡੇਸ਼ਨ **(Kidney Foundation of Canada)** 'ਤੇ ਜਾਣ ਲਈ ਇਹ **QR** ਕੋਡ ਸਕੈਨ ਕਰੋ।

## ਕੀ ਕੋਈ ਅਜਿਹੀ ਚੀਜ ਹੈ ਜੋ ਮੈਨੂੰ **Kerendia® (finerenone)** ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨੂੰ ਦੱਸਣੀ ਚਾਹੀਦੀ ਹੈ?

ਦੁਸ਼ਪ੍ਰਭਾਵਾਂ ਤੋਂ ਬਚਣ ਵਿੱਚ ਮਦਦ ਕਰਨ ਲਈ ਅਤੇ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਲਈ, **Kerendia®** ਲੈਣ ਤੋਂ ਪਹਿਲਾਂ, ਆਪਣੀ ਸਿਹਤ ਬਾਰੇ ਕਿਸੇ ਵੀ ਸਥਿਤੀ ਜਾਂ ਤੁਹਾਨੂੰ ਹੋ ਸਕਣ ਵਾਲੀਆਂ ਸਮੱਸਿਆਵਾਂ ਬਾਰੇ ਆਪਣੇ ਹੈਲਥਕੇਅਰ ਪੇਸ਼ੇਵਰ ਨਾਲ ਗੱਲ ਕਰੋ। ਇਸ ਵਿੱਚ ਸ਼ਾਮਲ ਹੈ ਜੇਕਰ ਤੁਹਾਡੇ:

- ਖੂਨ ਵਿੱਚ ਪੋਟਾਸ਼ੀਅਮ ਦਾ ਪੱਧਰ (ਹਾਈਪ੍ਰਕਲੇਮੀਆ) ਵੱਧ ਹੈ ਜਾਂ ਵੱਧ ਰਿਹਾ ਸੀ
- ਤੁਹਾਡੇ ਗੁਰਦੇ ਦਾ ਫੰਕਸ਼ਨ ਬੇਹੱਦ ਖਰਾਬ ਹੈ (ਗੁਰਦੇ ਦੀ ਗੰਭੀਰ ਖ਼ਰਾਬੀ) ਜਾਂ ਗੁਰਦੇ ਦੀ ਅੰਤਿਮ ਸਟੇਜ ਵਾਲੀ ਬਿਮਾਰੀ (ਗੁਰਦਾ ਫੇਲ੍ਹ ਹੋਣਾ) ਹੈ
- ਜਿਗਰ ਦਰਮਿਆਨਾ ਜਾਂ ਗੰਭੀਰ ਰੂਪ ਵਿੱਚ ਖਰਾਬ ਹੈ (ਦਰਮਿਆਨੀ ਜਾਂ ਗੰਭੀਰ ਜਿਗਰ ਦੀ ਕਮਜ਼ੋਰੀ ਜਾਂ ਚਾਈਲਡ-ਪੱਘ B ਜਾਂ C)
- ਪਹਿਲਾਂ ਦੀ ਕੋਈ ਦੁਰਲਭ ਵੰਸ਼ਜ ਬਿਮਾਰੀ ਹੈ ਕਿਉਂਕਿ Kerendia® ਵਿੱਚ ਲੈਕਟੋਜ਼ ਹੁੰਦਾ ਹੈ: ਗਲਾਲੈਕਟੋਜ਼ ਅਸਹਿਸ਼ੀਲਤਾ, ਲੈਪ ਲੈਕਟੇਜ਼ ਦੀ ਘਾਟ; ਗੁਲੂਕੋਜ਼-ਗੈਲੈਕਟੋਜ਼ ਗਲਤ ਸੋਖਣ
- ਗਰਭਵਤੀ ਹੋ, ਸੋਚਦੇ ਹੋ ਕਿ ਤੁਸੀਂ ਗਰਭਵਤੀ ਹੋ, ਜਾਂ ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹੋ
- ਤੁਸੀਂ ਛਾਤੀ ਦਾ ਦੁੱਧ ਚੁੰਘਾ ਰਹੇ ਹੋ ਜਾਂ ਛਾਤੀ ਦਾ ਦੁੱਧ ਚੁੰਘਾਉਣ ਦੀ ਯੋਜਨਾ ਬਣਾ ਰਹੇ ਹੋ, ਕਿਉਂਕਿ ਤੁਹਾਨੂੰ Kerendia® ਲੈਂਦੇ ਸਮੇਂ ਦੁੱਧ ਨਹੀਂ ਚੁੰਘਾਉਣਾ ਚਾਹੀਦਾ

Kerendia® ਤੁਹਾਡੇ ਅਣਜੰਮੇ ਬੱਚੇ ਨੂੰ ਨੁਕਸਾਨ ਪੁਜਾ ਸਕਦੀ ਹੈ। ਜੇਕਰ ਤੁਸੀਂ Kerendia® ਲੈਣ ਦੌਰਾਨ ਗਰਭਵਤੀ ਹੋ ਜਾਂਦੇ ਹੋ, ਤਾਂ ਤੁਰੰਤ ਆਪਣੇ ਸਿਹਤ ਦੇਖਭਾਲ ਪੇਸ਼ੇਵਰ ਨੂੰ ਦੱਸੋ। Kerendia® ਗਰਭ ਦੌਰਾਨ ਨਹੀਂ ਲੈਣੀ ਚਾਹੀਦੀ ਜਦੋਂ ਤੱਕ ਤੁਸੀਂ ਅਤੇ ਤੁਹਾਡਾ ਸਿਹਤ ਦੇਖਭਾਲ ਪੇਸ਼ੇਵਰ ਇਹ ਫ਼ੈਸਲਾ ਨਹੀਂ ਕਰਦੇ ਕਿ ਤੁਹਾਨੂੰ ਲੈਣੀ ਚਾਹੀਦੀ ਹੈ। ਜੇਕਰ ਤੁਹਾਡੇ ਅੰਦਰ ਗਰਭ ਧਾਰਨ ਕਰਨ ਦੀ ਯੋਗਤਾ ਹੈ, ਤਾਂ ਜਨਮ ਨਿਯੰਤਰਣ ਦੀ ਇੱਕ ਢੁਕਵੀਂ ਵਿਧੀ ਵਰਤੋ।

ਆਪਣੇ ਸਿਹਤ ਦੇਖਭਾਲ ਪੇਸ਼ੇਵਰ ਨੂੰ ਤੁਹਾਡੇ ਦੁਆਰਾ ਲਈਆਂ ਜਾਣ ਵਾਲੀਆਂ ਸਾਰੀਆਂ ਦਵਾਈਆਂ ਬਾਰੇ ਦੱਸੋ, ਜਿਸ ਵਿੱਚ ਕੋਈ ਵੀ ਦਵਾਈ, ਵਿਟਾਮਿਨ, ਖਣਿਜ, ਕੁਦਰਤੀ ਪੂਰਕ ਜਾਂ ਵਿਕਲਪਕ ਦਵਾਈਆਂ ਸ਼ਾਮਲ ਹਨ। **Kerendia®** ਦੂਜੀਆਂ ਦਵਾਈਆਂ ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੀ ਹੈ, ਅਤੇ ਦੂਜੀਆਂ ਦਵਾਈਆਂ **Kerendia®** ਦੇ ਕੰਮ ਕਰਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਦਵਾਈ ਦੀਆਂ ਪ੍ਰਸਪਰ ਕਿਰਿਆਵਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਮਰੀਜ਼ ਦਵਾਈ ਜਾਣਕਾਰੀ ਪੁਸਤਿਕਾ ਦਾ ਹਵਾਲਾ ਲਓ।

## **Kerendia®** ਦੇ ਸੰਭਾਵਿਤ ਦੁਸ਼ਪ੍ਰਭਾਵ ਕੀ ਹੁੰਦੇ ਹਨ?

ਤੁਸੀਂ Kerendia® ਦਾ ਸੇਵਨ ਕਰਨ ਸਮੇਂ ਦੁਸ਼ਪ੍ਰਭਾਵਾਂ ਨੂੰ ਅਨੁਭਵ ਕਰ ਸਕਦੇ ਹੋ। ਇੱਕ ਸੰਭਾਵਿਤ ਦੁਸ਼ਪ੍ਰਭਾਵ ਖੁਜਲੀ ਵਾਲੀ ਚਮੜੀ ਹੁੰਦਾ ਹੈ। ਕੁੱਝ ਲੋਕ ਗੰਭੀਰ ਦੁਸ਼ਪ੍ਰਭਾਵ ਅਨੁਭਵ ਕਰ ਸਕਦੇ ਹਨ।

**ਜੇਕਰ ਤੁਹਾਨੂੰ ਇਹਨਾਂ ਵਿੱਚੋਂ ਕੋਈ ਵੀ ਦੁਸ਼ਪ੍ਰਭਾਵ ਹੁੰਦੇ ਹਨ ਤਾਂ ਆਪਣੇ ਸਿਹਤ ਦੇਖਭਾਲ ਪੇਸ਼ੇਵਰ ਨੂੰ ਦੱਸੋ:**

ਬਹੁਤ ਸਧਾਰਨ:
- ਹਾਈਪ੍ਰਕਲੇਮੀਆ (ਖੂਨ ਵਿੱਚ ਪੋਟਾਸ਼ੀਅਮ ਦੇ ਵਧੇ ਹੋਏ ਪੱਧਰ) ਕਮਜ਼ੋਰੀ ਜਾਂ ਥਕਾਵਟ, ਬਿਮਾਰ (ਕਚਿਆਣ) ਮਹਿਸੂਸ ਕਰਨਾ, ਹੱਥਾਂ ਅਤੇ ਬੁੱਲ੍ਹਾਂ ਵਿੱਚ ਸੁੰਨ, ਮਾਸਪੇਸ਼ੀਆਂ ਦੀਆਂ ਕੜਵੱਲਾਂ, ਘਟੀ ਹੋਈ ਨਬਜ਼ ਦਰ

ਆਮ:
- **ਅਨੀਮੀਆ (ਲਹੂ ਦੇ ਲਾਲ ਸੈਲਾਂ ਦੀ ਘਟੀ ਹੋਈ ਸੰਖਿਆ):** ਪੀਲਾ ਦਿਖਾਈ ਦੇਣਾ, ਕਮਜ਼ੋਰੀ, ਥਕਾਵਟ, ਊਰਜਾ ਦੀ ਕਮੀ, ਚੱਕਰ ਆਉਣਾ, ਸਾਹ ਦਾ ਰੁਕਣਾ, ਅਸਧਾਰਣ ਤੇਜ਼ ਦਿਲ ਦੀ ਧੜਕਣ, ਛਾਤੀ ਦਾ ਦਰਦ
- **ਗੁਰਦਿਆਂ ਦੇ ਚੰਗੀ ਤਰ੍ਹਾਂ ਕੰਮ ਕਰਨ ਵਿੱਚ ਗਿਰਾਵਟ:** ਸਧਾਰਨ ਨਾਲੋਂ ਵੱਧ ਵਾਰ ਜਾਂ ਘੱਟ ਵਾਰ ਪੇਸ਼ਾਬ ਕਰਨਾ, ਥਕਾਵਟ, ਮਾਸਪੇਸ਼ੀਆਂ ਦੀਆਂ ਕੜਵੱਲਾਂ, ਬਿਮਾਰ ਮਹਿਸੂਸ ਕਰਨਾ (ਕਚਿਆਣ) ਜਾਂ ਉਲਟੀ ਆਉਣਾ, ਭੁੱਖ ਨਾ ਲੱਗਣਾ
- **ਹਾਈਪ੍ਰਯੂਰੀਸੇਮੀਆ (ਲਹੂ ਵਿੱਚ ਯੂਰਿਕ ਐਸਿਡ ਦਾ ਵੱਧ ਪੱਧਰ):** ਜੋੜਾਂ ਵਿੱਚ ਦਰਦ, ਅਕੜਾਹਟ ਅਤੇ/ਜਾਂ ਸੋਜਸ਼ ਅਤੇ ਲਾਲੀ
- **ਹਾਈਪੋਨਾਟ੍ਰੇਮੀਆ (ਖੂਨ ਵਿੱਚ ਸੋਡੀਅਮ ਦਾ ਘੱਟ ਪੱਧਰ):** ਬਿਮਾਰ (ਕਚਿਆਣ), ਥਕਾਵਟ, ਸਿਰਦਰਦ, ਉਲਝਣ, ਮਾਸਪੇਸ਼ੀਆਂ ਦੀ ਕਮਜ਼ੋਰੀ, ਮਰੋੜ ਜਾਂ ਕੜਵੱਲਾਂ ਮਹਿਸੂਸ ਕਰਨਾ
- **ਹਾਈਪੋਟੈਨਸ਼ਨ (ਘੱਟ ਬਲੱਡ ਪ੍ਰੈਸ਼ਰ):** ਚੱਕਰ ਆਉਣਾ, ਹਲਕਾ-ਸਿਰਦਰਦ, ਬੇਹੋਸ਼ ਹੋਣਾ, ਧੁੰਦਲੀ ਨਜ਼ਰ, ਬਿਮਾਰ (ਕਚਿਆਣ) ਮਹਿਸੂਸ ਕਰਨਾ, ਉਲਟੀ ਆਉਣਾ, ਥਕਾਵਟ (ਹੋ ਸਕਦੇ ਹਨ ਜਦੋਂ ਤੁਸੀਂ ਲੇਟਣ ਜਾਂ ਬੈਠਣ ਤੋਂ ਖੜ੍ਹੇ ਹੁੰਦੇ ਹੋ)

ਇਹ ਸਾਰੇ ਹੀ ਸੰਭਾਵਿਤ ਦੁਸ਼ਪ੍ਰਭਾਵ ਨਹੀਂ ਹਨ। ਜੇ ਤੁਹਾਡੇ ਕੋਲ ਕੋਈ ਪਰੇਸ਼ਾਨੀ ਵਾਲਾ ਲੱਛਣ ਜਾਂ ਮਾੜਾ ਪ੍ਰਭਾਵ ਹੈ ਜੋ ਇੱਥੇ ਸੂਚੀਬੱਧ ਨਹੀਂ ਹੈ ਜਾਂ ਤੁਹਾਡੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਰੁਕਾਵਟ ਪਾਉਣ ਲਈ ਕਾਫ਼ੀ ਬੁਰਾ ਹੋ ਜਾਂਦਾ ਹੈ, ਤਾਂ ਆਪਣੇ ਡਾਕਟਰ ਨੂੰ ਦੱਸੋ।

© 2025, Bayer Inc.
® TM www.bayer.ca/tm-mc ਦੇਖੋ
PP-KER-CA-0148-1
KE0071

MEMBER OF INNOVATIVE MEDICINES CANADA

Pr Kerendia® (finerenone) 10 mg • 20 mg Tablets